ਸ਼ੇਖ ਫ਼ਰੀਦ - ਸਬਦ ੧੨੫

ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥

ਸਲੋਕ, ਗੁਰੂ ਅਮਰਦਾਸ, ਗੁਰੂ ਗ੍ਰੰਥ ਸਾਹਿਬ, ੧੩੮੪

ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥
ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥

ਸਾਰ: ਮਨ ਅਕਸਰ ਬਾਹਰੀ ਨਿਸ਼ਾਨੀਆਂ 'ਤੇ ਧਿਆਨ ਦੇਂਦਾ ਹੈ, ਕਿਉਂਕਿ ਇਨ੍ਹਾਂ ਨੂੰ ਗੂੜ੍ਹ ਸੱਚ ਨਾਲੋਂ ਸਮਝਣਾ ਸਿਹਲਾ ਲੱਗਦਾ ਹੈ। ਇਸ ਕਰਕੇ ਫੈਸਲੇ ਅਤੇ ਰਿਸ਼ਤੇ ਦਿੱਖ ਜਾਂ ਦਰਜੇ ਦੇ ਆਧਾਰ 'ਤੇ ਸਿਰਜੇ ਜਾਂਦੇ ਹਨ। ਪਰ ਜੋ ਦਿੱਸਦਾ ਹੈ, ਉਹ ਹਮੇਸ਼ਾ ਹਕੀਕਤ ਨਹੀਂ ਹੁੰਦਾ। ਬਾਹਰੀ ਗੁਣਾਂ 'ਤੇ ਬਣੇ ਰਿਸ਼ਤੇ ਨਾਜ਼ੁਕ ਹੁੰਦੇ ਹਨ ਅਤੇ ਅੰਤ ਨਿਰਾਸ਼ਾ ਦਾ ਕਾਰਣ ਬਣ ਸਕਦੇ ਹਨ। ਅਸਲ ਅਤੇ ਅਰਥ ਭਰਪੂਰ ਜੀਵਨ ਤਦੋਂ ਸ਼ੁਰੂ ਹੁੰਦਾ ਹੈ ਜਦੋਂ ਅਸੀਂ ਦਿੱਖ ਤੋਂ ਪਰੇ ਦੇਖਣਾ ਸਿੱਖ ਲੈਂਦੇ ਹਾਂ ਅਤੇ ਉਸ ਨਾਲ ਜੁੜਦੇ ਹਾਂ ਜੋ ਸੱਚਮੁੱਚ ਪੁਖਤਾ ਹੁੰਦਾ ਹੈ।

ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥
ਮੈਂ ਇਸਨੂੰ ਖ਼ੂਬਸੂਰਤ ਹੰਸ ਜਾਣ ਇਸ ਦਾ ਸੰਗ ਕਰਦਾ ਰਿਹਾ। ਇਹ ਭਾਵ ਦਰਸਾਉਂਦਾ ਕਿ ਮਨ ਕਿਵੇਂ ਬਾਹਰੀ ਦਿੱਖ 'ਤੇ ਨਿਰਭਰ ਕਰਦਾ ਹੈ ਅਤੇ ਅੰਤਰੀਵੀ ਸਚਾਈ ਦੀ ਬਜਾਇ ਰੂਪ ਦੇ ਆਧਾਰ 'ਤੇ ਰਿਸ਼ਤੇ ਸਿਰਜਦਾ ਹੈ।

ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥
ਜੇ ਮੈਨੂੰ ਪਹਿਲਾਂ ਹੀ ਪਤਾ ਹੁੰਦਾ ਕਿ ਇਹ ਤਾਂ ਸਿਰਫ਼ ਇਕ ਬਗਲਾ ਹੈ, ਤਾਂ ਮੈਂ ਕਦੇ ਵੀ ਆਪਣੀ ਜ਼ਿੰਦਗੀ ਦਾ ਰਾਹ ਇਸ ਨਾਲ ਸਾਂਝਾ ਨਾ ਕਰਦਾ। ਇਹ ਭਾਵ ਉਸ ਪੀੜਾ ਨੂੰ ਬਿਆਨ ਕਰਦਾ ਹੈ ਜੋ ਮਾੜੇ ਹਲਾਤਾਂ ਅਤੇ ਸੰਗਤ ਦਾ ਅਨੁਭਵ ਹੋਣ ਉਪਰੰਤ, ਦੇਰ ਨਾਲ ਆਈ ਸੂਝ ਕਾਰਣ ਮਿਲਦੀ ਹੈ। (੧੨੩)

ਤੱਤ: ਗੁਰੂ ਅਮਰਦਾਸ, ਸ਼ੇਖ ਫ਼ਰੀਦ ਦੁਆਰਾ ਗਲਤ ਨਿਰਣਿਆਂ ਦੇ ਨਤੀਜਿਆਂ ਬਾਰੇ ਕੀਤੀ ਟਿੱਪਣੀ ਤੋਂ ਸਦਕੇ ਜਾਂਦੇ ਹਨ। ਉਹ ਬਿਬੇਕ ਬੁੱਧ ਦੀ ਅਹਿਮੀਅਤ 'ਤੇ ਜ਼ੋਰ ਦਿੰਦੇ ਹਨ। ਉਹ ਦੱਸਦੇ ਹਨ ਕਿ ਬਾਹਰੀ ਦਿੱਖ ਅਕਸਰ ਧੋਖੇਬਾਜ਼ ਹੋ ਸਕਦੀ ਹੈ; ਜੋ ਕੁਝ ਲਾਭਦਾਇਕ ਦਿੱਸਦਾ ਹੈ, ਉਹ ਅਸਲ ਵਿਚ ਫਾਇਦੇਮੰਦ ਨਹੀਂ ਹੁੰਦਾ। ਇਹ ਭਾਵ ਸਾਨੂੰ ਸੁਚੇਤ ਕਰਦਾ ਹੈ ਕਿ ਅਸੀਂ ਸਿਰਫ਼ ਬਾਹਰੀ ਪੱਧਰ ਤੱਕ ਹੀ ਸੀਮਤ ਨਾ

ਰਹੀਏ, ਸਗੋਂ ਅੰਦਰਲੇ ਸੱਚ ਨੂੰ ਸਮਝਣ ਦੀ ਕੋਸ਼ਿਸ਼ ਕਰੀਏ। ਦਿਸ਼ਾਹੀਣ ਇਰਾਦੇ ਕਿਸੇ ਦੀ ਰੂਹਾਨੀ ਯਾਤਰਾ ਨੂੰ ਵਿਗਾੜ ਸਕਦੇ ਹਨ, ਅਤੇ ਇਹ ਤੱਥ ਅਕਸਰ ਤਦੋਂ ਸਮਝ ਆਉਂਦਾ ਹੈ ਜਦੋਂ ਅਸੀਂ ਉਸਦੇ ਨਤੀਜੇ ਭੁਗਤਦੇ ਹਾਂ।

---


ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**